Exam.Code:5022
Sub. Code: 12525

2056
Bachelor of Commerce (FYUP)
Second Semester
PUN-122: Compulsory Punjabi
(Re-Appear)

Time allowed: 3 Hours

Max. Marks: 45

x-x-x

ਨੋਟ:- ਸਾਰੇ ਸਵਾਲ ਲਾਜ਼ਮੀ ਹਨ। ਇੱਕ ਸਵਾਲ ਦੇ ਸਾਰੇ ਭਾਗ ਇਕੱਠੇ ਇੱਕੋ ਜਗ੍ਹਾ ਹੱਲ ਕੀਤੇ ਜਾਣ।

ਯੂਨਿਟ-I

1. ਕਿਸੇ ਇੱਕ ਲੋਕ-ਗੀਤ ਦਾ ਵਿਸ਼ਾ-ਵਸਤੂ ਲਿਖੋ:-

(ੳ) ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ

(ਅ) ਬਲਦ (8)

2. ਕਿਸੇ ਇੱਕ ਲੋਕ-ਗੀਤ ਦਾ ਕੇਂਦਰੀ ਭਾਵ ਲਿਖੋ:-

(ੳ) ਸੌ ਸੌ ਰੁੱਖ

(ਅ) ਤਿੱਤਰ, ਮੋਰ, ਕਾਂ (3)

3. ਕਿਸੇ ਇੱਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

(ੳ) ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ, ਤੇਰੀਆਂ ਠੰਢੀਆਂ ਛਾਵਾਂ।
ਢਾਬ ਤੇਰੀ ਦਾ ਗੰਧਲਾ ਪਾਣੀ, ਉੱਤੋਂ ਬੂਰ ਹਟਾਵਾਂ।
ਸੱਭੇ ਸਹੇਲੀਆਂ ਸਹੁਰੇ ਗਈਆਂ, ਕਿਸ ਨੂੰ ਹਾਲ ਸੁਣਾਵਾਂ।
ਚਿੱਠੀਆਂ ਬਰੰਗ ਭੇਜਦਾ, ਕਿਹੜੀ ਛਉਣੀ 'ਚ ਲੁਆ ਲਿਆ ਨਾਵਾਂ?

(ਅ) ਵਗਦੀ ਸੀ ਰਾਵੀ ਵਿੱਚ ਘੁੱਗੀਆਂ ਦਾ ਜੋੜਾ ਵੇ।
ਇੱਕ ਘੁੱਗੀ ਉੱਡੀ ਲੰਮਾ ਪੈ ਗਿਆ ਵਿਛੋੜਾ ਵੇ।
ਵਗਦੀ ਸੀ ਰਾਵੀ ਵਿੱਚ ਰੰਗ ਕੀਹਨੇ ਡੋਲ੍ਹਿਆ।
ਚੰਦਰੀ ਦਾ ਪੁੱਤ ਕਦੇ ਹੱਸ ਕੇ ਨਾ ਬੋਲਿਆ। (4)

4. ਕਿਸੇ ਪੰਜ ਪ੍ਰਸ਼ਨਾਂ ਦੇ ਛੋਟੇ ਉੱਤਰ ਲਿਖੋ:-

(ੳ) 'ਡਾਰੀਆਂ ਤੇ ਤਰਖਾਣ' ਲੋਕ-ਗੀਤ ਵਿੱਚ ਬਿਰਛ ਦੇ ਪੱਤੇ ਕਿਸ ਨੇ ਖਾਧੇ ਸਨ ਤੇ ਟਾਹਣ ਕਿਸ ਨੇ ਵੱਢੇ ਸਨ?

(ਅ) ਲੋਕ-ਗੀਤਾਂ ਵਿੱਚ ਕਿਹੜੇ ਰੁੱਖ ਹੇਠ ਖੜ੍ਹ ਹੋ ਕੇ ਝੂਠ ਬੋਲਣ ਤੋਂ ਵਰਜਿਆ ਗਿਆ ਹੈ?

(ੲ) 'ਹਰੀਏ ਹਰੀਏ ਡੇਕੇ ਨੀ' ਲੋਕ-ਗੀਤ ਦਾ ਵਿਸ਼ਾ ਕੀ ਹੈ?

(ਸ) 'ਘੋੜੇ ਦਾ ਕੱਦ ਉੱਚਾ' ਲੋਕ-ਗੀਤ ਅਨੁਸਾਰ ਰੱਬ ਨੇ ਕਿਹੋ ਜਿਹੇ ਜੀਵ ਪੈਦਾ ਕੀਤੇ ਹਨ?

(ਹ) 'ਬੱਕਰੀ' ਲੋਕ-ਗੀਤ ਅਨੁਸਾਰ ਬੱਕਰੀ ਦੀ ਖ਼ੁਰਾਕ ਕੀ ਹੈ?

(ਕ) ਹਾੜ੍ਹ ਦੇ ਮਹੀਨੇ ਕਿਹੜਾ ਪੰਛੀ ਬੋਲਦਾ ਹੈ ਤੇ ਸਾਉਣ ਦੇ ਮਹੀਨੇ ਕਿਹੜਾ?

(ਖ) ਲੋਕ-ਗੀਤਾਂ ਅਨੁਸਾਰ ਦਿਲ-ਦਰਿਆ ਕਿਹੋ ਜਿਹਾ ਹੈ? (5)

P.T.O.

Scanned with OKEN Scanner

## ਯੂਨਿਟ-II

5. ਹੇਠ ਲਿਖੇ ਤਕਨੀਕੀ ਸ਼ਬਦਾਂ ਵਿੱਚੋਂ ਕਿਸੇ ਪੰਜ ਦਾ ਪੰਜਾਬੀ ਅਨੁਵਾਦ ਕਰੋ:-

Figure, Survey, Document, Penalty, Verification, Annexure, Proposal (5)

6. ਕਿਸੇ ਇੱਕ ਵਿਸ਼ੇ ਉੱਤੇ ਪੈਰ੍ਹਾ ਰਚਨਾ ਕਰੋ:-

(ੳ) ਰੁੱਖ, ਮਨੁੱਖ ਤੇ ਵਾਤਾਵਰਨ

(ਅ) ਨਸ਼ੇ ਤੇ ਨੌਜਵਾਨ (10)

7. ਵਿਸ਼ਰਾਮ ਚਿੰਨ੍ਹ ਲਗਾਓ:-

ਮਹਾਂ ਕੌਰ ਆਪਣੇ ਫ਼ੌਜੀ ਪੁੱਤ ਨੂੰ ਛੁੱਟੀ ਕੱਟ ਕੇ ਵਾਪਿਸ ਜਾਣ ਲੱਗੇ ਨੂੰ ਕਹਿਣ ਲੱਗੀ ਪੁੱਤ ਮੈਂ ਤਾਂ ਨਦੀ ਕਿਨਾਰੇ ਰੁੱਖੜਾ ਹਾਂ ਤੂੰ ਬਸੰਤ ਕੌਰ ਨੂੰ ਨਾਲ਼ ਲੈ ਜਾ ਉਹ ਮਾਂ ਦੇ ਮੋਢ 'ਤੇ ਹੱਥ ਧਰ ਕੇ ਬੋਲਿਆ ਜਿੰਨਾ ਚਿਰ ਤੂੰ ਬੈਠੀ ਏਂ ਮਾਂ ਮੈਨੂੰ ਇਹਦਾ ਕੀ ਫਿਕਰ ਐ (3)

8. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ:-

ਸਾਡੇ ਅਨੇਕਾਂ ਨੌਜਵਾਨ ਜ਼ਿੰਦਗੀ ਦੇ ਚੁਰਸਤੇ ਉੱਤੇ ਡਾਵਾਂ-ਡੋਲ ਖੜੋਤੇ ਵਿਖਾਈ ਦੇ ਰਹੇ ਹਨ। ਉਹ ਹਰ ਪਾਸੇ ਵੇਖ ਰਹੇ ਹਨ, ਪਰ ਆਪਣੀ ਜ਼ਿੰਦਗੀ ਦੇ ਕੰਮ ਦੀ ਚੋਣ ਨਹੀਂ ਕਰ ਸਕਦੇ, ਪਹਿਲੋਂ ਤਾਂ ਉਨ੍ਹਾਂ ਨੂੰ ਕਰਨ ਵਾਲ਼ੇ ਕੰਮ ਹੀ ਬਹੁਤ ਨਹੀਂ ਦਿਸਦੇ ਤੇ ਫੇਰ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਉਹ ਕਿਸ ਕੰਮ ਲਈ ਯੋਗਤਾ ਰੱਖਦੇ ਹਨ। ਇਸ ਚੋਣ ਉੱਤੇ ਹੀ ਜ਼ਿੰਦਗੀ ਦੀ ਕਾਮਯਾਬੀ ਨਿਰਭਰ ਹੈ। ਅਨੇਕਾਂ ਕੀਮਤੀ ਜ਼ਿੰਦਗੀਆਂ ਸਿਰਫ਼ ਏਸ ਲਈ ਆਪਣਾ ਮੁੱਲ ਨਹੀਂ ਪੁਆ ਸਕੀਆਂ ਕਿ ਉਨ੍ਹਾਂ ਦੇ ਕੰਮ ਦੀ ਚੋਣ ਗ਼ਲਤ ਸੀ। ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫ਼ੈਸਲਿਆਂ ਵਿੱਚੋਂ ਹੈ। ਹਜ਼ਾਰਾਂ ਜ਼ਿੰਦਗੀਆਂ ਗ਼ਲਤ ਚੋਣ ਕਰਕੇ ਨਿਕੰਮੀਆਂ ਤੇ ਨਾਖ਼ੁਸ਼ ਰਹਿ ਜਾਂਦੀਆਂ ਹਨ। ਹਰੇਕ ਕਸਬੇ ਵਿੱਚ ਬੇਸ਼ੁਮਾਰ ਅੱਕੇ-ਥੱਕੇ ਕਾਰੀਗਰਾਂ ਦੀ ਝਾਕੀ ਦਿਸਦੀ ਹੈ। ਪਰ ਜਦ ਤੱਕ ਇੱਕ ਕਾਰੀਗਰ ਨੂੰ ਆਪਣੇ ਹਥਲੇ ਕੰਮ ਵਿੱਚੋਂ ਰੋਜ਼ੀ ਤੋਂ ਛੁੱਟ ਇੱਕ ਆਨੰਦ ਪ੍ਰਾਪਤ ਨਹੀਂ ਹੁੰਦਾ, ਉਹ ਨਾ ਤਾਂ ਆਪਣੇ ਕੰਮ ਵਿੱਚ ਕਮਾਲ ਦੀ ਆਸ ਰੱਖ ਸਕਦਾ ਹੈ ਤੇ ਨਾ ਉਸ ਕੰਮ ਦੇ ਵਸੀਲੇ ਨਾਲ਼ ਆਪਣੀ ਆਤਮਾ ਵਿੱਚ ਖੇੜਾ ਲਿਆ ਸਕਦਾ ਹੈ ਤੇ ਯਾਦ ਰਹੇ ਕਿ ਜ਼ਿੰਦਗੀ ਨੂੰ ਸਫ਼ਲ ਤੌਰ 'ਤੇ ਚਾਲੂ ਰੱਖਣ ਲਈ ਗੁਜ਼ਾਰੇ ਨਾਲ਼ੋਂ ਖੇੜੇ ਦੀ ਲੋੜ ਵਧੇਰੇ ਹੈ। ਜਿਸ ਦਿਲ ਵਿੱਚ ਉਸ ਦੇ ਹੱਥਾਂ ਦੀ ਕਾਰ ਕਈ ਵਾਰੀ ਹੁਲਾਸ ਤੇ ਖੇੜਾ ਨਹੀਂ ਲਿਆਉਂਦੀ, ਉਹ ਉਸ ਫੁੱਲ ਵਾਂਗ ਬੇਨਿਖ਼ਾਰ ਰਹਿੰਦਾ ਹੈ, ਜਿਸ ਉੱਤੇ ਸ਼ਬਨਮ ਦਾ ਮੋਤੀ ਨਹੀਂ ਥਰਕਿਆ, ਨਾ ਅਕਾਸ਼ੋਂ ਚਿੱਟੇ ਮੀਂਹ ਦਾ ਕਤਰਾ ਕਦੇ ਡਿੱਗਾ ਹੈ। (1+6=7)

x-x-x

Scanned with OKEN Scanner